# ਪ੍ਰਧਾਨ ਮੰਤਰੀ ਦੀ ਸੰਯੁਕਤ ਰਾਜ ਅਮਰੀਕਾ ਵਿੱਚ ਪ੍ਰਮੁੱਖ ਪੇਸ਼ੇਵਰਾਂ ਨਾਲ ਗੱਲਬਾਤ

24 ਜੂਨ, 2023

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ 23 ਜੂਨ, 2023 ਨੂੰ ਵਾਸ਼ਿੰਗਟਨ ਡੀ.ਸੀ. ਦੇ ਜੌਹਨ ਐੱਫ. ਕੈਨੇਡੀ ਸੈਂਟਰ ਵਿਖੇ ਅਮਰੀਕਾ ਵਿੱਚ ਪੇਸ਼ੇਵਰਾਂ ਦੀ ਇੱਕ ਇਕੱਤਰਤਾ ਨੂੰ ਸੰਬੋਧਨ ਕੀਤਾ।

2. ਇਸ ਸਮਾਗਮ ਦਾ ਆਯੋਜਨ ਯੂਐੱਸ – ਇੰਡੀਆ ਰਣਨੀਤਕ ਭਾਈਵਾਲੀ ਫੋਰਮ (ਯੂਐੱਸਆਈਐੱਸਪੀ) ਦੁਆਰਾ ਕੀਤਾ ਗਿਆ ਸੀ। ਇਸ ਮੌਕੇ ਅਮਰੀਕਾ ਦੇ ਵਿਦੇਸ਼ ਮੰਤਰੀ ਮਾਣਯੋਗ ਮਿਸਟਰ ਐਂਟਨੀ ਬਲਿੰਕਨ ਨੇ ਵੀ ਸ਼ਿਰਕਤ ਕੀਤੀ।

3. ਆਪਣੇ ਸੰਬੋਧਨ ਵਿੱਚ ਪ੍ਰਧਾਨ ਮੰਤਰੀ ਨੇ ਭਾਰਤ ਵਿੱਚ ਮੌਜੂਦਾ ਸਮੇਂ ਵਿੱਚ ਹੋ ਰਹੇ ਵਿਆਪਕ ਬਦਲਾਵਾਂ ਅਤੇ ਵੱਖ-ਵੱਖ ਖੇਤਰਾਂ ਵਿੱਚ ਕੀਤੀਆਂ ਜਾ ਰਹੀਆਂ ਤਰੱਕੀਆਂ ਨੂੰ ਉਜਾਗਰ ਕੀਤਾ। ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਿ 'ਇਹ ਸਹੀ ਸਮਾਂ ਹੈ', ਪ੍ਰਧਾਨ ਮੰਤਰੀ ਨੇ ਪੇਸ਼ੇਵਰਾਂ ਨੂੰ ਭਾਰਤ ਨਾਲ ਸਾਂਝੇਦਾਰੀ ਕਰਨ ਦਾ ਸੱਦਾ ਦਿੱਤਾ।

4. ਇਸ ਸਮਾਗਮ ਵਿੱਚ ਵਿਭਿੰਨ ਖੇਤਰਾਂ ਦੇ ਲਗਭਗ 1000 ਪ੍ਰਮੁੱਖ ਪੇਸ਼ਿਵਰਾਂ ਨੇ ਹਿੱਸਾ ਲਿਆ।

**ਵਾਸ਼ਿੰਗਟਨ ਡੀ.ਸੀ.**
**23 ਜੂਨ, 2023**